International Journal of Advanced Innovation and Research
Vol 3, Issue 11, Nvember 2025
ISSN: 2584-2129

RESEARCHER
INTERNATIONAL JOURNAL OF
ADVANCED INNOVATION AND RESEARCH
journal homepage: www.ijair.in

# ਵੰਨ ਸੁਵੰਨੇ ਕਾਵਿ ਰੂਪਾਂ ਦਾ ਕਵੀ : ਸੁਰਿੰਦਰ ਸਿੰਘ ਸੁੰਨੜ

**ਦੇਵਿੰਦਰ ਬੀਬੀਪੁਰੀਆ**
ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ

**Keywords**

ਸੁਰਿੰਦਰ ਸਿੰਘ ਸੁੰਨੜ, ਪੰਜਾਬੀ ਕਵਿਤਾ, ਕਿੱਸਾ ਕਾਵਿ, ਹੀਰ ਸੁੰਨੜ, ਕਾਵਿ ਰੂਪ, ਬੈਂਤ ਛੰਦ, ਕਾਵਿ ਸ਼ਿਲਪ, ਮੱਧਕਾਲ ਅਤੇ ਆਧੁਨਿਕਤਾ, ਕਥਾ ਕਵਿਤਾ, ਪੰਜਾਬੀ ਸਾਹਿਤ

**ABSTRACT**

ਇਸ ਲੇਖ ਵਿੱਚ ਸੁਰਿੰਦਰ ਸਿੰਘ ਸੁੰਨੜ ਨੂੰ ਵੰਨ-ਸੁਵੰਨੇ ਕਾਵਿ ਰੂਪਾਂ ਦੇ ਕਵੀ ਵਜੋਂ ਵਿਸਥਾਰ ਨਾਲ ਵਿਸ਼ਲੇਸ਼ਿਤ ਕੀਤਾ ਗਿਆ ਹੈ। ਆਮ ਧਾਰਨਾ ਦੇ ਉਲਟ ਕਿ ਹਰ ਕਵੀ ਕੁਝ ਗਿਣਤੀ ਦੇ ਹੀ ਕਾਵਿ ਰੂਪਾਂ ਵਿੱਚ ਨਿਪੁੰਨ ਹੁੰਦਾ ਹੈ, ਸੁੰਨੜ ਦੀ ਕਾਵਿ ਸਿਰਜਣਾ ਇਸ ਗੱਲ ਨੂੰ ਨਕਾਰਦੀ ਹੈ। ਉਹ ਗ਼ਜ਼ਲ, ਕਿੱਸਾ, ਜੁਗਨੀ, ਮਾਹੀਆ ਅਤੇ ਆਧੁਨਿਕ ਨਜ਼ਮ ਵਰਗੇ ਕਈ ਕਾਵਿ ਰੂਪਾਂ ਵਿੱਚ ਸਮਾਨ ਦੱਖਲ ਰੱਖਦਾ ਹੈ। ਖਾਸ ਤੌਰ 'ਤੇ ਉਸ ਦੀ ਰਚਨਾ "ਹੀਰ ਸੁੰਨੜ" ਵਿੱਚ ਮੱਧਕਾਲੀ ਕਿੱਸਾ ਪਰੰਪਰਾ ਅਤੇ ਆਧੁਨਿਕ ਚੇਤਨਾ ਦਾ ਸੁੰਦਰ ਸਮਨ੍ਵਯ ਦਿੱਖਦਾ ਹੈ। ਲੇਖ ਵਿੱਚ ਉਸ ਦੀ ਸ਼ਿਲਪਕਲਾ, ਬੈਂਤ ਛੰਦ 'ਤੇ ਪਕੜ, ਸੰਵਾਦ ਕਲਾ, ਸੰਖੇਪਤਾ ਅਤੇ ਪਾਤਰ ਨਿਰਮਾਣ ਦੀ ਖੂਬੀ ਨੂੰ ਉਜਾਗਰ ਕੀਤਾ ਗਿਆ ਹੈ। ਸੁੰਨੜ ਪੁਰਾਤਨ ਕਾਵਿ ਰੂਪਾਂ ਨੂੰ ਨਵੇਂ ਵਿਸ਼ਿਆਂ ਅਤੇ ਸੰਦਰਭਾਂ ਨਾਲ ਜੋੜ ਕੇ ਉਨ੍ਹਾਂ ਨੂੰ ਨਵੀਂ ਨੁਹਾਰ ਦਿੰਦਾ ਹੈ। ਇਸ ਤਰ੍ਹਾਂ ਉਹ ਆਧੁਨਿਕ ਪੰਜਾਬੀ ਸਾਹਿਤ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਂਦਾ ਹੈ।

ਇਹ ਸਦੀਵੀਂ ਸੱਚ ਹੈ ਕਿ ਹਰ ਕਵੀ ਦੀ ਕਾਵਿ ਸਿਰਜਣਾ ਦਾ ਕੋਈ ਨਾ ਕੋਈ ਵਿਸ਼ੇਸ਼ ਅਤੇ ਸੀਮਤ ਕਾਵਿ ਖੇਤਰ ਹੁੰਦਾ ਹੈ। ਇਸਦੇ ਨਾਲ ਹੀ ਹਰ ਕਵੀ ਦੀ ਸਿਰਜਣਾ ਦਾ ਕੋਈ ਨਾ ਕੋਈ ਖਾਸ ਕਾਵਿ ਰੂਪ ਵੀ ਹੁੰਦਾ ਹੈ ਜਿਸ ਵਿਚ ਸਿਰਜਣਾ ਕਰਨੀ ਉਸ ਲਈ ਜ਼ਿਆਦਾ ਆਨੰਦਮਈ ਹੁੰਦੀ ਹੈ। ਜ਼ਿਆਦਾਤਰ ਸਮੀਖਿਅਕਾਂ ਦਾ ਇਹ ਮੰਨਣਾ ਹੈ ਕਿ ਹਰ ਸਾਹਿਤਕਾਰ ਆਪਣੀ ਸਾਹਿਤ ਸਿਰਜਣਾ ਲਈ ਕਿਸੇ ਇਕ ਦੋ ਸਾਹਿਤ ਰੂਪਾਂ ਦੀ ਹੀ ਵਰਤੋਂ ਕਰਦਾ ਹੈ ਅਤੇ ਉਹ ਉਨ੍ਹਾਂ ਵਿਚ ਹੀ ਕਾਵਿ ਸਿਰਜਣਾ ਦੀ ਮੁਹਾਰਤ ਰੱਖਦਾ ਹੈ। ਭਾਵੇਂ ਆਮ ਤੌਰ ਤੋਂ ਕੁਝ ਸਾਹਿਤਕਾਰ ਇਕ ਤੋਂ ਵਧੇਰੇ ਕਾਵਿ ਰੂਪਾਂ ਵਿਚ ਸਾਹਿਤ ਸਿਰਜਣਾ ਕਰਦੇ ਹਨ ਪਰ ਇਹ ਵੀ ਸੱਚ ਹੈ ਕਿ ਹਰ ਕਿਸੇ ਦੀ ਪਕੜ ਕਿਸੇ ਇਕ ਦੋ ਕਾਵਿ ਰੂਪਾਂ 'ਤੇ ਹੀ ਜ਼ਿਆਦਾ ਬਣਦੀ ਹੈ ਅਤੇ ਉਹ ਹੋਰ ਕਾਵਿ ਰੂਪਾਂ ਨਾਲ ਬਣਦਾ ਨਿਆ ਨਹੀਂ ਕਰ ਪਾਉਂਦੇ। ਪਰ ਅਸੀਂ ਜਦੋਂ ਇਸ ਦ੍ਰਿਸ਼ਟੀਕੋਣ ਤੋਂ ਸੁਰਿੰਦਰ ਸਿੰਘ ਸੁੰਨੜ ਦੀ ਸਿਰਜਣਾ ਪ੍ਰਕਿਆ ਨੂੰ ਵਾਚਦੇ ਹਾਂ ਤਾਂ ਇਹ ਧਾਰਨਾ ਕੁਝ ਫਿੱਕੀ ਪੈ ਜਾਂਦੀ ਹੈ। ਸੁੰਨੜ ਦੀ ਕਵਿਤਾ ਦੀ ਸਭ ਸਭ ਖਿੱਚਵੀਂ ਅਤੇ ਖ਼ੂਬਸੂਰਤ ਗੱਲ ਉਸ ਦੀ ਕਾਵਿ ਸਿਰਨਣਾ ਦੇ ਵੰਨ ਸੁਵੰਨੇ ਕਾਵਿ ਰੂਪ ਹਨ। ਇਸ ਖ਼ੂਬਸੂਰਤੀ ਨੂੰ ਹੋਰ ਚਾਰ ਚੰਨ ਲਾਉਣ ਦਾ ਕੰਮ ਉਸ ਦੀ ਕਲਮ ਦੀ ਬਾਰੀਕ ਬੁਣਤੀ ਅਤੇ ਕਲਾ ਹੈ। ਉਹ ਜਿਸ ਵੀ ਕਾਵਿ ਰੂਪ ਵਿਚ ਲਿਖਣਾ ਸ਼ੁਰੂ ਕਰਦਾ ਹੈ ਉਸੀ ਵਿਚ ਇਕਮਿਕ ਹੋ ਜਾਂਦਾ ਹੈ। ਉਸ ਦੁਆਰਾ ਰਚਿਤ ਹਰ ਕਾਵਿ ਰੂਪ ਨੂੰ ਪੜ੍ਹ ਕੇ ਇਹੀ ਲਗਦਾ ਹੈ ਕਿ ਕਿ ਉਹ ਉਸੀ ਕਾਵਿ ਰੂਪ ਦਾ ਸਾਹਿਤਕਾਰ ਹੈ। ਉਸ ਦੀ ਕਾਵਿ ਕਲਾ ਦੀ ਇਸ ਤੋਂ ਵੀ ਵੱਧ ਰੌਚਕ ਗੱਲ ਇਹ ਹੈ ਕਿ ਉਹ ਉਨ੍ਹਾਂ ਕਾਵਿ ਰੂਪਾਂ 'ਚ ਕਾਵਿ ਸਿਰਜਣਾ ਕਰਦਾ ਹੈ ਜਿਨ੍ਹਾਂ ਵਿਚ ਅਜੋਕੇ ਦੌਰ ਵਿਚ ਕੋਈ ਕਵੀ ਹੱਥ ਅਜਮਾਈ ਨਹੀਂ ਕਰ ਰਿਹਾ। ਇਸ ਤੋਂ ਵੀ ਪ੍ਰਭਾਵਸ਼ਾਲੀ ਨੁਕਤਾ ਇਹ ਹੈ ਕਿ ਉਹ ਸਿਰਫ ਨਵੀਨ ਕਾਵਿ ਰੁਪਾਂ ਵਿਚ ਹੀ ਨਹੀਂ ਸਗੋਂ ਮੱਧਕਾਲ ਵਿਚ ਵਿਚ ਪ੍ਰਚਲਿਤ ਕਾਵਿ ਰੂਪਾਂ ਨੂੰ ਵੀ ਆਪਣੀ ਕਵਿਤਾ ਦੇ ਫਰੇਮ ਵੱਜੋਂ ਪੇਸ਼ ਕਰਦਾ ਹੈ। ਉਸਦੀ ਖ਼ੂਬਸੂਰਤੀ ਇਸ ਗੱਲ ਵਿਚ ਵਿਚ ਵੀ ਹੈ ਕਿ ਪਾਠਕ ਨੂੰ ਇਕ ਪਲ ਲਈ ਵੀ ਇਹ ਨਹੀਂ ਜਾਪਦਾ ਕਿ ਇਹ ਕਾਵਿ ਰੂਪ ਮੱਧਕਾਲ ਦਾ ਹੈ। ਭਾਵੇਂ ਉਹ

ਗ਼ਜ਼ਲ ਕਹੇ ਜਾਂ ਕਿੱਸਾ ਸੁਣਾਵੇ, ਭਾਵੇਂ ਉਹ ਸੱਤਵਾਰਾਂ ਤੇ ਕਲਮ ਅਜਮਾਈ ਕਰੇ ਜਾਂ ਗੁਰਮੁਖੀ ਦੇ ਪੈਂਤੀ ਅੱਖਰਾਂ ਨੂੰ ਪੱਟੀ ਵਿਚ ਬੰਨ੍ਹੇ, ਭਾਵੇਂ ਉਹ ਜੁਗਨੀ, ਢੋਲਾ ਜਾਂ ਮਾਹੀਆ ਗਾਵੇ, ਭਾਵੇਂ ਉਹ ਕੋਈ ਲੋਕ ਕਾਵਿ ਰੂਪ ਉਚਾਰੇ ਜਾਂ ਆਧੁਨਿਕ ਨਜ਼ਮ ਨਜ਼ਮ ਸੁਣਾਵੇ, ਉਹ ਹਰ ਕਾਵਿ ਰੂਪ ਵਿਚ ਇਕ ਮਿਕ ਹੋਇਆ ਨਜ਼ਰ ਆਉਂਦਾ ਹੈ।

ਕਿਸੇ ਵੀ ਕਵੀ ਨੂੰ ਉੱਚਾ ਬਣਾਉਣ ਲਈ ਉਸਦੇ ਖ਼ਿਆਲਾਂ ਦੀ ਉੱਚਾਈ ਦੇ ਨਾਲ ਨਾਲ ਉਸਦੇ ਰੂਪਕ ਵਿਧਾਨ ਦਾ ਜਾਣੂ ਹੋਣਾ ਬਹੁਤ ਲਾਜ਼ਮੀ ਹੁੰਦਾ ਹੈ। ਕਾਵਿ ਖੇਤਰ ਵਿਚ ਉਸਦੇ ਕਾਵਿ ਕਦ ਨੂੰ ਵੱਡਾ ਕਰਨ ਵਿਚ ਰੂਪਕ ਵਿਧਾਨ ਦੀ ਬਹੁਤ ਅਹਿਮ ਭੂਮਿਕਾ ਹੁੰਦੀ ਹੈ। ਇਹ ਕਹਿਣਾ ਵੀ ਬਿਲਕੁਲ ਗੈਰਮੁਨਾਸਿਬ ਨਹੀਂ ਹੋਵੇਗਾ ਕਿ ਸ਼ਿਲਪ ਵਿਧਾਨ ਜਾਂ ਰੂਪ ਵਿਧਾਨ ਹੀ ਸਾਹਿਤ ਰੂਪਾਂ ਨੂੰ ਇਕ ਦੂਜੇ ਤੋਂ ਵੱਖ ਕਰਦੇ ਹਨ।ਜਿਸ ਤਰ੍ਹਾਂ ਪੁਸ਼ਾਕ ਅਤੇ ਬਾਹਰੀ ਸਰੂਪ ਮਨੁੱਖ ਨੂੰ ਹੋਰਾਂ ਤੋਂ ਵੱਖ ਕਰਦੇ ਹਨ। ਉਸੀ ਤਰ੍ਹਾਂ ਕਿਸੇ ਵੀ ਸਾਹਿਤ ਰੂਪ ਦੇ ਮੂਲ ਤੱਤ ਉਸ ਨੂੰ ਹੋਰ ਰੂਪਾਂ ਨਾਲੋਂ ਨਿਖੜਦੇ ਹਨ ਅਤੇ ਸਾਹਿਤ ਕਲਾ ਦੀ ਜਾਚ ਅਤੇ ਗੁਣ ਸਾਹਿਤਕਾਰ ਨੂੰ ਹੋਰ ਸਾਹਿਤਕਾਰਾਂ ਤੋਂ ਵਿਲੱਖਣ ਅਤੇ ਉੱਚੀ ਸੁੱਚੀ ਪਛਾਣ ਦਿਲਾਉਂਦੇ ਹਨ।

ਸੁੰਨੜ ਹਰ ਆਕਾਰ ਦੀ ਕਵਿਤਾ ਨੂੰ ਜਿਉਂਦਾ ਹੈ। ਉਹ ਸ਼ਬਦਾਂ ਦੇ ਆਕਾਰ ਦੇ ਨਾਲ਼ ਨਾਲ਼ ਉਨ੍ਹਾਂ ਦੇ ਵਿਸ਼ਥਾਰ ਵਿਚ ਉਤਰਨ ਦੀ ਵੀ ਸਮਰੱਥਾ ਵੀ ਰੱਖਦਾ ਹੈ। ਜਦੋਂ ਗੱਲ ਵੱਡ ਆਕਾਰੀ ਕਵਿਤਾ ਦੀ ਹੋਵੇ ਤਾਂ ਹੀਰ ਸੁੰਨੜ ਦੀ ਗੱਲ ਕਰਨੀ ਲਾਜ਼ਮੀ ਹੋਵੇਗੀ। ਪੂਰੀ ਕਿਤਾਬ ਦੇ ਆਕਾਰ ਦੀ ਕਵਿਤਾ ਲਿਖਣਾ ਆਮ ਕਵੀ ਤੋਂ ਪਹੁੰਚ ਅਤੇ ਸਮਰੱਥਾ ਤੋਂ ਬਾਹਰ ਦੀ ਗੱਲ ਹੁੰਦੀ ਹੈ। ਸੁੰਨੜ ਦੀ ਹੀਰ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਅੱਜ ਦੀ ਭੱਜ ਦੌੜ ਭਰੀ ਜ਼ਿੰਦਗੀ ਵਿਚ ਵੀ ਸੁੰਨੜ ਦੀ ਸਾਹਿਤ ਰਚਨਾ ਵਿਚ ਕਿਤੇ ਭੱਜ ਦੌੜ ਨਜ਼ਰ ਨਹੀਂ ਆਉਂਦੀ। ਉਹ ਅਜੋਕੇ ਦੌਰ ਵਿਚ ਹੀਰ ਲਿਖ ਕੇ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਉਸ ਕੋਲ਼ ਸਾਹਿਤ ਰਚਨਾ ਲਈ ਨਾ ਤਾਂ ਸਮੇਂ ਦੀ ਕਿੱਲਤ ਹੈ ਅਤੇ ਨਾ ਹੀ ਸਾਹਿਤ ਰੂਪਾਂ ਦੇ ਵਿਧਾਨ ਵਿਚ ਮੁਹਾਤਰ ਦੀ ਕਮੀ ਹੈ। ਜਿਸ ਦੌਰ ਵਿਚ ਵੱਡੇ ਵੱਡੇ ਕਵੀ ਵੀ ਕਿੱਸੇ ਵਰਗੇ ਕਾਵਿ ਰੂਪਾਂ ਨੂੰ ਹੱਥ ਪਾਉਣ ਲੱਗਿਆਂ ਹਜ਼ਾਰਾਂ ਵਾਰ ਸੋਚਦੇ ਹਨ ਉਸ ਦੌਰ ਵਿਚ ਰਹਿੰਦਿਆਂ ਵੀ, ਬਲਕਿ ਭਾਰਤ ਤੋਂ ਵੀ ਕਿਤੇ ਤੇਜ਼ ਰਫਤਾਰੀ ਮੁਲਕ ਵਿਚ ਵਿਚਰਦਿਆਂ ਸੁੰਨੜ ਕਿੱਸਾ ਕਾਵਿ ਨੂੰ ਅਪਣੀ ਰਚਨਾ ਦਾ ਮਾਧਿਅਮ ਬਣਾਉਂਦਾ ਹੈ। ਉਸ ਦੀ ਪ੍ਰਾਪਤੀ ਇਸ ਤੱਥ ਵਿਚ ਵਿਚ ਨਹੀਂ ਕਿ ਉਹ ਕਿੱਸਾ ਰਚਨਾ ਨੂੰ ਹੱਥ ਪਾਉਂਦਾ ਹੈ ਸਗੋਂ ਉਸ ਦੀ ਅਸਲ ਪ੍ਰਾਪਤੀ ਇਸ ਤੱਥ ਵਿਚ ਹੈ ਕਿ ਉਹ ਕਿੱਸਾ ਕਾਵਿ ਨੂੰ ਬੜੀ ਬਾਰੀਕੀ ਨਾਲ਼ ਨਿਭਾਉਂਦਾ ਹੈ। ਉਹ ਕਿੱਸਾ ਕਾਵਿ ਦੇ ਸਾਰੇ ਗੁਣ ਦੋਸ਼ ਅਤੇ ਤੱਤਾਂ ਤੋਂ ਭਲੀ ਭਾਂਤ ਜਾਣੂ ਹੈ। ਉਸ ਦੀ ਇਹ ਬਾਰੀਕ ਜਾਣਕਾਰੀ ਹੀ ਉਸਦੀ ਕਵਿਤਾ ਦਾ ਮੂੰਹ-ਮੱਥਾ ਨਿਖਾਰਣ ਵਿਚ ਉਸਦਾ ਸਹਿਯੋਗ ਕਰਦੀ ਹੈ।

ਸੁੰਨੜ ਕਿੱਸਾ ਕਾਵਿ ਦੀ ਰਵਾਇਤ ਅਤੇ ਪਰੰਪਰਾ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੈ। ਇਸੇ ਲਈ ਉਹ ਆਪਣੇ ਕਿੱਸੇ ਦੀ ਦੀ ਸ਼ੁਰੂਆਤ ਮੱਧਕਾਲੀ ਕਿੱਸਾ ਕਾਵਿ ਦੀ ਰਵਾਇਤੀ ਪਰੰਪਰਾ ਅਨੁਸਾਰ ਹੀ ਕਰਦਾ ਹੈ। ਉਹ ਹੀਰ ਸੁੰਨੜ ਨੂੰ ਸ਼ੁਰੂ ਕਰਨ ਲੱਗਿਆਂ ਉਸ ਵਿਚ ਸਭ ਤੋਂ ਪਹਿਲਾਂ ਰਵਾਇਤੀ ਤੌਰ ਤੋਂ ਕਿੱਸਾ ਲਿੱਖਣ ਦਾ ਕਾਰਨ ਦਸਦਾ ਹੈ। ਉਹ ਦਸਦਾ ਹੈ ਕਿ ਕਿਵੇਂ ਵਾਰਿਸ ਸ਼ਾਹ ਉਸਦੇ ਸੁਪਨੇ ਵਿਚ ਆ ਕੇ ਉਸਨੂੰ ਹੀਰ ਲਿਖਣ ਲਈ ਪ੍ਰੇਰਦਾ ਹੈ

ਸੁੱਤਾ ਪਿਆ ਸੀ ਇਕ ਦਿਨ ਘੁਕ ਸੁੰਨੜ  
ਤੜਕਸਾਰ ਸੁਪਨਾ ਉਸਨੂੰ ਆਇਆ ਜੀ  
ਬੜੇ ਪਿਆਰ ਦੇ ਨਾਲ ਆਵਾਜ਼ ਦੇ ਕੇ  
ਵਾਰਿਸ ਸ਼ਾਹ ਨੇ ਆਣ ਜਗਾਇਆ ਜੀ  
ਉੱਠ ਸੁੰਨੜਾ ਤੈਨੂੰ ਇਕ ਕੰਮ ਦੱਸਾਂ  
ਏਸੇ ਕੰਮ ਨੇ ਤੈਨੂੰ ਮਿਲਾਇਆ ਜੀ 1

ਮੱਧ ਕਾਲ ਵਿਚ ਸਾਹਿਤ ਕਲਾ ਨੂੰ ਨਿਰਾ ਮੰਨੋਰੰਜਨ ਦਾ ਸਾਧਨ ਮਾਤਰ ਨਹੀਂ ਸਮਝਿਆ ਜਾਂਦਾ ਸੀ। ਉਸ ਸਮੇਂ ਹਰ ਸਾਹਿਤ ਰਚਨਾ ਦਾ ਇਕ ਮੂਲ ਉਦੇਸ਼ ਜਾਂ ਕਾਰਨ ਹੁੰਦਾ ਸੀ। ਜੋ ਉਸਦੀ ਸਾਰਥਕਤਾ ਨੂੰ ਸਿੱਧ ਕਰਦਾ ਸੀ। ਇਸੇ ਲਈ ਕਿੱਸਾ ਲਿੱਖਣ ਦਾ ਮੂਲ ਕਾਰਨ ਦੱਸਣਾ ਵੀ ਜ਼ਰੂਰੀ ਹੁੰਦਾ ਸੀ। ਇਸੇ ਉਦੇਸ਼ ਦੇ ਅਧੀਨ ਸੁੰਨੜ ਆਪਣੇ ਕਿੱਸੇ ਦੀ ਸ਼ੁਰੂਆਤ ਵਿਚ ਹੀ ਕਿੱਸਾ ਲਿੱਖਣ ਦਾ ਕਾਰਨ ਦਸਦਾ ਹੈ ਕਿ ਕਿਵੇਂ ਵਾਰਿਸ ਸ਼ਾਹ ਉਸਦੇ ਸੁਪਨੇ ਦੇ ਵਿਚ ਆ ਕੇ ਉਸ ਨੂੰ ਕਿੱਸਾ

ਲਿਖਣ ਲਈ ਪ੍ਰੇਰਦਾ ਹੈ। ਹੀਰ ਸੁੰਨੜ ਵਿਚ ਸੁਰਿੰਦਰ ਸੁੰਨੜ ਦਸਦਾ ਹੈ ਕਿ ਵਾਰਿਸ ਦੇ ਨਾਲ ਨਾਲ ਬੁੱਲ੍ਹੇ ਸ਼ਾਹ ਨੇ ਵੀ ਉਸ ਨੂੰ ਇਹ ਹੀਰ ਲਿਖਣ ਲਈ ਆ ਕੇ ਪ੍ਰੇਰਿਆ ਹੈ।

ਸੁੰਨੜ ਸੁਪਨੇ ਵਿਚ ਵਾਰਿਸ ਨਾਲ ਗੱਲ ਕਰਦਾ
ਕਹਿੰਦਾ ਬੁੱਲਾ ਵੀ ਇਕ ਦਿਨ ਆਇਆ ਸੀ
ਸਰਘੀ ਵੇਲੇ ਵਾਰਿਸ ਦੇ ਵਾਂਗਰਾਂ ਹੀ
ਬੁੱਲੇ ਸ਼ਾਹ ਨੇ ਆਣ ਜਗਾਇਆ ਸੀ
ਬਾਬੇ ਬੁੱਲ੍ਹੇ ਦੀ ਗੱਲ ਮੈਂ ਗਲ਼ ਬੰਨ੍ਹੀ
ਤਾਹੀਓਂ ਅਲਫ ਦੇ ਨਾਲ ਚਿਤ ਲਾਇਆ ਸੀ 2 10

ਹੀਰ ਸੁੰਨੜ ਦੀ ਇਕ ਹੋਰ ਵਿਸ਼ੇਸ਼ਤਾ ਇਸ ਤੱਥ ਵਿਚ ਹੈ ਕਿ ਉਹ ਹੀਰ ਦੀ ਪੁਰਾਣੀ ਘਸੀ-ਪਿਟੀ ਕਹਾਣੀ ਨੂੰ ਆਧਾਰ ਨਹੀਂ ਬਣਾਉਂਦਾ ਸਗੋਂ ਉਸ ਵਿਚ ਨਵੀਨ ਅੰਸ਼ ਜੋੜਦਾ ਹੈ ਜੋ ਹੀਰ ਸੁੰਨੜ ਨੂੰ ਇਕ ਨਿਵੇਕਲੀ ਅਦਾ ਅਤੇ ਨਵੀਂ ਨੁਹਾਰ ਬਖ਼ਸ਼ਦਾ ਹੈ। ਉਹ ਕਹਾਣੀ ਨੂੰ ਨਵੀਨ ਅੰਸ਼ ਪ੍ਰਦਾਨ ਕਰਨ ਦਾ ਕਾਰਨ ਦਸਦਿਆਂ ਵੀ ਇਸਦਾ ਆਦੇਸ਼ ਵਾਰਿਸ ਸ਼ਾਹ ਵੱਲੋਂ ਹੋਇਆ ਦਸਦਿਆਂ ਲਿਖਦਾ ਹੈ:-

ਮੇਰਾ ਹੁਕਮ ਹੈ ਮੰਨਣਾ ਪਊ ਤੈਨੂੰ
ਨਵੀਂ ਹੀਰ ਇਕ ਆਪ ਬਣਾਈ ਸੁੰਨੜਾ
ਲਿਖੀਂ ਨਵੀਂ ਕਹਾਣੀ ਜੋ ਤੂੰ ਡਿੱਠੀ
ਘਸੀ ਪਿੱਟੀ ਨੂੰ ਹੱਥ ਨਾ ਪਾਵੀਂ ਸੁੰਨੜਾ 3

ਇਸ ਤਰ੍ਹਾਂ ਸੁੰਨੜ ਆਪਣੀ ਹੀਰ ਦੀ ਨੁਹਾਰ ਨੂੰ ਨਵੀਨ ਕਰਨ ਲਈ ਉਸ ਘਸੀ-ਪਿਟੀ ਕਹਾਣੀ ਨੂੰ ਨਵੀਨ ਅੰਸ਼ ਅੰਸ਼ ਅਤੇ ਨਵੀਨ ਰੰਗ ਦੀ ਛੋਹ ਦਿੰਦਾ ਹੈ।

ਹੀਰ ਸੁੰਨੜ ਦੇ ਕਿੱਸੇ ਦੀ ਸਭ ਤੋਂ ਵੱਡੀ ਪ੍ਰਾਪਤੀ ਉਸਦੀ ਅੰਤਾਂ ਦੀ ਰਵਾਨਗੀ ਹੈ ਅਤੇ ਇਸ ਰਵਾਨਗੀ ਦਾ ਕਾਰਨ ਕਾਰਨ ਉਸ ਦੀ ਬੈਂਤ ਉੱਤੇ ਭਰਪੂਰ ਪਕੜ ਹੈ। ਉਹ ਬੈਂਤ ਵਿਚ ਇਸ ਤਰ੍ਹਾਂ ਅੱਖਰ ਬੰਨ੍ਹਣ ਦੀ ਮੁਹਾਰਤ ਰੱਖਦਾ ਹੈ ਜਿਵੇਂ ਸੁਨਾਰ ਹਾਰ ਵਿਚ ਮੋਤੀ ਪਰੋ ਦਿੰਦਾ ਹੈ। ਉਸ ਦੀ ਹੀਰ ਦਾ ਹਰ ਇਕ ਬੰਦ ਬੈਂਤ ਛੰਦ ਦੀ ਕਸੌਟੀ ਤੇ ਖਰਾ ਉਤਰਦਾ ਹੈ। ਬੰਦ ਦੀ ਹਰ ਤੁਕ ਦੀਆਂ ਮਾਤ੍ਰਾਵਾਂ ਗਿਣਦਿਆਂ ਉਸ ਅੰਦਰ ਇਸ ਤਰ੍ਹਾਂ 20 ਮਾਤ੍ਰਾਵਾਂ ਮਿਲਦੀਆਂ ਹਨ ਜਿਵੇਂ ਉਸ ਉੱਤੇ ਸਾਲਾਂ ਸਾਲਾਂ ਦੀ ਅਣਥਕ ਮਿਹਨਤ ਕੀਤੀ ਗਈ ਹੋਵੇ।

ਹੀਰ ਸੁੰਨੜ ਦੀ ਇਕ ਹੋਰ ਵਿਸ਼ੇਸ਼ਤਾ ਉਸ ਦੇ ਕਿੱਸੇ ਦੀ ਸੰਖੇਪਤਾ ਹੈ। ਸੁੰਨੜ ਨੂੰ ਪਤਾ ਹੈ ਕਿ ਅਜੋਕੇ ਮਸ਼ੀਨੀ ਅਤੇ ਏ.ਆਈ. ਦੇ ਦੌਰ ਵਿਚ ਸੰਖੇਪਤਾ ਸਭ ਤੋਂ ਮਹੱਤਵ ਪੂਰਨ ਹੈ। ਇਹ ਲਈ ਉਹ ਵਾਰਿਸ ਦੇ ਮੂਹੋਂ ਹੀ ਆਪਣੇ ਕਿੱਸੇ ਨੂੰ ਸੰਖੇਪ ਕਰਨ ਲਈ ਆਦੇਸ਼ ਕਰਵਾ ਲੈਂਦਾ ਹੈ। ਇਸ ਤੱਥ ਵਿਚ ਕਵੀ ਦੀ ਕਾਵਿ ਕੁਸ਼ਲਤਾ ਬਾਰੇ ਸੁਭਾਵਿਕ ਹੀ ਪਤਾ ਚਲਦਾ ਹੈ। ਇਸ ਤਰ੍ਹਾਂ ਉਹ ਇਕ ਪੰਥ ਦੋ ਕਾਜ ਵਾਲੇ ਕਥਨ ਨੂੰ ਸਾਰਥਕ ਕਰਦਾ ਹੈ। ਉਹ ਸੰਖੇਪਤਾ ਦਾ ਮਹੱਵਵ ਸਮਝਦਾ ਹੈ ਕਿ ਅਜੋਕੇ ਦੌਰ ਵਿਚ ਕਿੱਸਾ ਜ਼ਿਆਦਾ ਲਮਕਾਉਣ ਨਾਲ ਉਸਦੀ ਰੌਚਕਤਾ ਘੱਟਦੀ ਹੈ। ਇਸ ਲਈ ਉਹ ਆਪਣੇ ਕਿੱਸੇ ਨੂੰ ਵਧੇਰੇ ਨਹੀਂ ਖਿੱਚਦਾ। ਪਰ ਦੂਜੇ ਪਾਸੇ ਉਸ ਨੂੰ ਇਸ ਗੱਲ ਦਾ ਇਲਮ ਵੀ ਭਲੀ ਭਾਂਤ ਹੈ ਕਿ ਇਕ ਵੱਡਾ ਪਾਠਕ ਵਰਗ ਐਸਾ ਵੀ ਹੈ ਜੋ ਵੱਡ ਆਕਾਰੀ ਕਿੱਸੇ ਨੂੰ ਹੀ ਕਿੱਸੇ ਦਾ ਉੱਤਮ ਨਮੂਨਾ ਮੰਨਦਾ ਹੈ। ਉਹ ਸੰਖੇਪ ਕਿੱਸਿਆਂ ਦੀ ਕੁਸ਼ਲਤਾ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਹਾਲਾਕਿ ਅਜੋਕੇ ਨਵੀਨ ਦੌਰ ਵਿਚ ਇਹ ਗੱਲ ਬਹੁਤ ਸਾਰਥਕ ਨਹੀਂ ਜਾਪਦੀ। ਪਰ ਫਿਰ ਵੀ ਵੀ ਇਸ ਦ੍ਰਿਸ਼ਟੀ ਦੀ ਸਮੀਖਿਆ ਤੋਂ ਬਚਣ ਲਈ ਸੁੰਨੜ ਆਪਣੇ ਕਿੱਸੇ ਨੂੰ ਸੰਖੇਪ ਰੱਖਣ ਦਾ ਆਦੇਸ਼ ਵੀ ਵਾਰਿਸ ਸ਼ਾਹ ਕੋਲੋਂ ਹੀ ਕਰਵਾ ਲੈਂਦਾ ਹੈ:-

ਗੱਲ ਹੋਵੇ ਕਰਾਰੀ ਤਾਂ ਲੋਕ ਸੁਣਦੇ
ਪਰ ਤੂੰ ਬਹੁਤਾ ਮਸਾਲਾ ਨਾ ਲਾਵੀਂ ਸੁੰਨੜਾ
ਲਮਲੇਟ ਨਾ ਕਰੀਂ ਕਹਾਣੀਆਂ ਨੂੰ
ਥੋੜੇ ਲਫ਼ਜ਼ਾਂ ਦੇ ਵਿਚ ਮੁਕਾਈ ਸੁੰਨੜਾ 4

ਸੁੰਨੜ ਨੂੰ ਕਿੱਸੇ ਕਾਵਿ ਦੇ ਨਾਲ ਨਾਲ ਸਾਹਿਤ ਦੀ ਰੂਹ ਨੂੰ ਸਮਝਣ ਦੀ ਵੀ ਭਰਪੂਰ ਜਾਚ ਹੈ। ਉਹ ਆਪਣੇ ਕਿੱਸੇ ਵਿਚ ਕਿਤੇ ਵੀ ਆਪਣੇ ਪਾਤਰਾਂ ਨੂੰ ਲੇਖਕ ਦੇ ਹੱਥਾਂ ਦੀ ਕਠਪੁਤਲੀ ਨਹੀਂ ਬਣਨ ਦਿੰਦਾ। ਉਹ ਸਾਰੇ ਕਿੱਸੇ ਵਿਚ ਆਪਣੇ ਪਾਤਰਾਂ ਨਾਲ ਨਿਆਂ ਕਰਦਾ ਹੈ। ਉਸਦਾ ਹਰ ਪਾਤਰ ਵੱਖਰੀ ਅਦਾ ਵਾਲ਼ਾਂ ਹੈ ਅਤੇ ਇਕ ਦੂਜੇ ਨਾਲ ਮੇਲ ਨਹੀਂ ਖਾਂਦਾ। ਉਹ ਕਿੱਸਾ ਲਿਖਣ ਲੱਗਿਆਂ ਆਪਣੇ ਪਾਤਰਾਂ ਨੂੰ ਆਪ ਜੀਅ ਰਿਹਾ ਹੁੰਦਾ ਹੈ। ਉਸ ਨੂੰ ਇਸ ਗੱਲ ਦਾ ਇਲਮ ਵੀ ਪਹਿਲਾਂ ਹੀ ਹੈ। ਪਰ ਫਿਰ ਵੀ ਉਹ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਸੁਪਨੇ ਵਿਚ ਆ ਕੇ ਮੱਤ ਦੇ ਗਏ ਵਾਰਿਸ ਸ਼ਾਹ ਦੇ ਦੇ ਸਿਰ ਰੱਖਦਾ ਹੈ। ਇਸ ਨੂੰ ਉਹ ਆਪਣੀ ਇਸ ਬਿਆਨੀ ਰਾਹੀਂ ਪੇਸ਼ ਕਰਦਾ ਹੈ:-

ਜਿਸ ਪਾਤਰ ਦੀ ਗੱਲ ਤੂੰ ਕਰਨ ਲੱਗੋਂ
ਪਹਿਲਾਂ ਆਪ ਉਹ ਪਾਤਰ ਬਣ ਜਾਵੀਂ ਸੁੰਨੜਾ 5

ਇਸ ਦੇ ਨਾਲ ਹੀ ਹੀਰ ਸੁੰਨੜ ਦੀ ਵਿਸ਼ੇਸ਼ਤਾ ਇਸ ਤੱਥ ਵਿਚ ਵੀ ਹੈ ਕਿ ਉਹ ਆਪਣੇ ਕਿੱਸੇ ਨੂੰ ਬੜੀ ਪਾਕੀਜ਼ਗੀ ਨਾਲ਼ ਬਿਆਨ ਕਰਦਾ ਹੈ। ਉਹ ਕਿੱਸੇ ਉੱਤੇ ਕਿਤੇ ਵੀ ਲੱਚਰਤਾ ਦਾ ਅੰਸ਼ ਭਾਰੂ ਨਹੀਂ ਹੋਣ ਦਿੰਦਾ। ਉਹ ਕਿੱਸੇ ਵਿਚ ਲਫ਼ਜ਼ ਅਤੇ ਭਾਵਨਾ ਦੋਹਾਂ ਪੱਖੋਂ ਕਿੱਸੇ ਨੂੰ ਸਾਫ਼ ਸੁਥਰੀ ਫ਼ਿਜ਼ਾ ਵਿਚ ਵਿਚਰਦਾ ਦਿਖਾਉਂਦਾ ਹੈ। ਆਪਣੀ ਇਸ ਦ੍ਰਿਸ਼ਟੀ ਦਾ ਬਿਆਨ ਬਿਆਨ ਵੀ ਉਹ ਕਿੱਸੇ ਦੀ ਸ਼ੁਰੂਆਤ ਵਿਚ ਹੀ ਦਸ ਦਿੰਦਾ ਹੈ:-

ਸ਼ਬਦ ਲੱਚਰ ਅਸ਼ਲੀਲ ਨਾ ਕਿਤੇ ਵਰਤੀਂ
ਨੇਕ ਲਫ਼ਜ਼ਾਂ ਵਿਚ ਨੇਕੀ ਕਮਾਈ ਸੁੰਨੜਾ
ਸਾਹਿਤਕਾਰ ਹੈ ਤੂੰ ਸਾਹਿਤਕ ਲਫ਼ਜ਼ ਵਰਤੀਂ
ਮੇਰੀ ਹੀਰ ਦੀ ਕਦਰ ਵਧਾਈਂ ਸੁੰਨੜਾ 6

ਸਾਹਿਤ ਦੀ ਬੀਨੀ ਬੜੀ ਬਾਰੀਕ ਬੀਨੀ ਹੈ ਇਹ ਸਤਿਅਮ ਸ਼ਿਵਮ ਸੁੰਦਰਮ ਦੇ ਨਾਲ਼ ਨਾਲ਼ ਤਿਆਗ ਅਤੇ ਤਪੱਸਿਆ ਦੀ ਵੀ ਮੰਗ ਕਰਦੀ ਹੈ। ਅਜੋਕੇ ਬਾਜ਼ਾਰੀ ਦੌਰ ਵਿਚ ਵੀ ਇਹ ਆਦਰਸ਼ ਦੀ ਪਗਡੰਡੀ ’ਤੇ ਤੁਰਨ ਦੀ ਹਾਮੀ ਭਰਦੀ ਹੈ। ਜਿੱਥੇ ਅੱਜ ਸਭ ਕੁਝ ਪੈਸੇ ਅਨੁਸਾਰ ਤੁਰਦਾ ਹੈ ਉੱਥੇ ਸਾਹਿਤ ਦੀ ਦੁਨੀਆ ਅਜੇ ਵੀ ਇਸ ਤੋਂ ਵੱਖਰੀ ਵਿਚਾਰਧਾਰਾ ਦੀ ਲੀਹ ’ਤੇ ਅਗਰਸਰ ਹੈ। ਇਹ ਵੀ ਸੱਚ ਹੈ ਕਿ ਮਨੁੱਖ ਇਕ ਸੰਸਾਰਿਕ ਜੀਵ ਹੈ ਅਤੇ ਉਸਨੂੰ ਸੰਸਾਰ ਵਿਚ ਵਿਚਰਨ ਲਈ ਪੈਰ ਪੈਰ ਤੇ ਮਾਇਆ ਦੀ ਜ਼ਰੂਰਤ ਪੈਂਦੀ ਹੈ ਅਤੇ ਮਾਇਆ ਦਾ ਚੱਕਰ ਬੜਾ ਗੁੰਝਲਦਾਰ ਹੈ। ਇਸ ਚੱਕਰ ਵਿਚ ਪੈ ਕੇ ਮਨੁੱਖ ਅਕਸਰ ਆਪਣੇ ਸਾਹਿਤਕ ਕਰਤੱਵ ਤੋਂ ਭਟਕ ਜਾਂਦਾ ਹੈ। ਮਨ ਮਸਤਕ ਵਿਚ ਸਾਹਿਤ ਦੀ ਚਿਣਗ ਜਗਾਉਣੀ ਜਿੰਨੀ ਮੁਸ਼ਕਿਲ ਹੈ, ਖਿਆਤੀ ਅਤੇ ਸ਼ੋਹਰਤ ਪ੍ਰਾਪਤੀ ਤੋਂ ਬਾਅਦ ਉੱਥੇ ਟਿਕ ਪਾਉਣਾ ਉਸਤੋਂ ਵੀ ਜ਼ਿਆਦਾ ਮੁਸ਼ਕਿਲ ਕਾਰਜ ਹੈ। ਇਸ ਵਿਚ ਲੋਭ ਲਾਲਚ ਤੋਂ ਉੱਤੇ ਉਠਣਾ ਪੈਂਦਾ ਹੈ। ਇਸ ਲਈ ਮਨੁੱਖ ਦੇ ਢਿੱਡ ਦੀ ਭੁੱਖ ਅਤੇ ਮਨ ਦੀ ਭਟਕਣ ਦੋਹਾਂ ਦਾ ਮਸਲਾ ਹੱਲ ਹੋਣਾ ਲਾਜ਼ਮੀ ਹੈ। ਸੁਨੱੜ ਇਨ੍ਹਾਂ ਦੋਹਾਂ ਪੱਖੋਂ ਸ਼ਾਂਤ ਅਤੇ ਪਰੀਪੂਰਨ ਹੈ। ਉਹ ਭੁੱਖ ਅਤੇ ਅਤੇ ਭਟਕਣ ਦੋਹਾਂ ਤੋਂ ਕੋਹਾਂ ਉੱਤੇ ਉਠ ਚੁੱਕਿਆ ਹੈ। ਜਿਸ ਦਾ ਜ਼ਿਕਰ ਉਸਦੀ ਹੀਰ ਵਿਚ ਇਸ ਤਰ੍ਹਾਂ ਮਿਲਦਾ ਹੈ:-

ਸੁੰਨੜਾ ਸੁਣ ਬੱਚੂ ਮੈਨੂੰ ਪਤਾ ਸਾਰਾ
ਦੂਰ ਦੂਰ ਦੇਸ਼ਾਂ ਵਿਚ ਤੂੰ ਜਾਈ ਫਿਰਦਾ
ਅਮਰੀਕਾ ਕੈਨੇਡਾ ਵਲੈਤ ਜਾਵੇਂ
ਸਾਰੀ ਦੁਨੀਆ ਚ ਲੱਤ ਘੁਮਾਈ ਫਿਰਦਾ

ਪੈਸਾ ਧੇਲਾ ਕਮਾਉਣ ਨੂੰ ਲੋਕ ਜਾਂਦੇ
ਉਹ ਵੀ ਭੁੱਖ ਨੂੰ ਆਪਣੀ ਮਿਟਾਈ ਫਿਰਦਾ 7

ਸੰਵਾਦ ਕਿੱਸੇ ਦਾ ਅਹਿਮ ਅੰਗ ਹੁੰਦਾ ਹੈ। ਉਹੀ ਕਿੱਸੇ ਨੂੰ ਨਾਟਕੀ ਰੰਗਤ ਬਖ਼ਸ਼ਦਾ ਹੈ ਅਤੇ ਉਸੀ ਉੱਤੇ ਕਿੱਸੇ ਦੀ ਚਾਲ ਨਿਰਭਰ ਕਰਦੀ ਹੈ। ਸੰਵਾਦ ਵੀ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਸੰਵਾਦ ਉਹ ਹੁੰਦਾ ਹੈ ਜੋ ਪਾਤਰ ਕਰਦੇ ਹਨ। ਜੋ ਹਰ ਹਰ ਕਿੱਸੇ ਵਿਚ ਦੇਖਣ ਨੂੰ ਮਿਲਦਾ ਹੈ ਅਤੇ ਦੂਜਾ ਸੰਵਾਦ ਉਹ ਸੰਵਾਦ ਹੈ ਜੋ ਪਾਤਰ ਨਹੀਂ ਕਰਦੇ ਸਗੋਂ ਉਹ ਸੰਵਾਦ ਖ਼ੁਦ ਕਿੱਸਾਕਾਰ ਰਚਦਾ ਹੈ। ਕਿੱਸਾਕਾਰ ਆਪਣੇ ਕਿੱਸੇ ਵਿਚਲੇ ਨਾਟਕ ਦਾ ਸੂਤਰਧਾਰ ਖ਼ੁਦ ਹੁੰਦਾ ਹੈ। ਉਸਨੇ ਬਹੁਤ ਕੁਝ ਅਜਿਹਾ ਵੀ ਕਹਿਣਾ ਹੁੰਦਾ ਹੈ ਜੋ ਪਾਤਰ ਨਹੀਂ ਕਹਿ ਸਕਦੇ। ਇਸ ਪ੍ਰਕਾਰ ਦੇ ਸੰਵਾਦ ਦੀ ਸੰਜੀਦਗੀ ਅਤੇ ਉੱਚਤਾ ਇਸ ਤੱਥ ਤੇ ਟਿਕੀ ਹੁੰਦੀ ਹੈ ਕਿ ਕਿੱਸਾਕਾਰ ਇਹ ਸੰਵਾਦ ਕਿਸ ਨਾਲ਼ ਰਚਾਉਂਦਾ ਹੈ। ਸੰਵਾਦ ਦੀ ਉੱਚਤਾ ਉਸ ਦੇ ਉੱਤੇ ਨਿਰਭਰ ਕਰਦੀ ਹੈ ਕਿ ਸੰਵਾਦ ਕਿਸ ਸ਼੍ਰੇਣੀ ਅਤੇ ਕਦ-ਕਿਰਦਾਰ ਦੇ ਵਿਅਕਤੀ ਨਾਲ ਰਚਾਇਆ ਜਾ ਰਿਹਾ ਹੈ। ਸੁੰਨੜ ਇਸ ਕਿੱਸੇ ਵਿਚ ਕਈ ਥਾਵਾਂ 'ਤੇ ਵਾਰਿਸ ਸ਼ਾਹ ਨਾਲ ਇਹ ਸੰਵਾਦ ਰਚਾਉਂਦਾ ਨਜ਼ਰ ਪੈਂਦਾ ਹੈ। ਜਿਵੇਂ :-

ਤੇਰੀ ਹੀਰ ਤਾਂ ਹੀਰਾ ਸੀ ਵਾਰਿਸਾ ਵੇ
ਹੀਰ ਲਿਖੀ ਤੂੰ ਸੋਚ ਵਿਚਾਰ ਕਰਕੇ
ਤੇਰਾ ਇਸ਼ਕ ਹਕੀਕੀ ਮਿਜਾਜ਼ ਬਣਿਆ
ਵਿਚ ਘੁਲ਼ ਗਿਆ ਉਸਦੇ ਸੀ ਪਿਆਰ ਕਰਕੇ
ਤੇਰੀ ਰੂਹ ਸੀ ਹੀਰ ਰੂਹਾਨੀਅਤ ਸੀ
ਗੱਲ ਕੀਤੀ ਤੂੰ ਯਾਰਾਂ ਦਾ ਯਾਰ ਕਰਕੇ 8

ਜਿਸ ਤਰ੍ਹਾਂ ਸੁਨੰੜ ਆਪਣੇ ਕਿੱਸੇ ਵਿਚ ਨਵੀਂ ਕਹਾਣੀ ਕਹਿਣ ਦੀ ਗੱਲ ਕਰਦਾ ਹੈ ਤਾਂ ਉਹ ਮਹਿਜ਼ ਕਹਾਣੀ ਵਿਚ ਵਿਚ ਨਵੀਂ ਨੁਹਾਰ ਹੀ ਨਹੀਂ ਜੋੜਦਾ ਸਗੋਂ ਉਹ ਪਾਤਰ ਵੀ ਨਵੇਂ ਲੈਂਦਾ ਹੈ। ਉਸ ਦੇ ਪਾਤਰ ਸਥਾਨ ਅਤੇ ਘਟਨਾਵਾਂ ਸਭ ਨਵੇਂ ਹਨ। ਜੇ ਕੁਝ ਪੁਰਾਣਾ ਹੈ ਤਾਂ ਉਹ ਪਾਤਰਾਂ ਦੇ ਨਾਮ ਪੁਰਾਣੇ ਹਨ। ਅਰਥਾਤ ਉਸਨੇ ਪੁਰਾਣੇ ਫਰੇਮ ਵਿਚ ਨਵੀਂ ਤਸਵੀਰ ਜੜ ਕੇ ਪੇਸ਼ ਕੀਤੀ ਹੈ। ਬਦਲਦੇ ਯੁਗ ਨਾਲ ਇਹ ਬਦਲਾਅ ਬਹੁਤ ਜ਼ਰੂਰੀ ਹੁੰਦਾ ਹੈ। ਸਮੇਂ ਦੇ ਨਾਲ਼ ਨਾਲ਼ ਸਮਾਜ ਬਦਲਦਾ ਹੈ ਅਤੇ ਸਮਾਜ ਦੇ ਨਾਲ਼ ਨਾਲ਼ ਪਾਤਰ ਵੀ ਬਦਲਦੇ ਹਨ। ਇਸੇ ਤਰ੍ਹਾਂ ਭਾਵੇਂ ਸਦੀਆਂ ਤੋਂ ਫਰੇਮ ਉਹੀ ਪੁਰਾਣੇ ਚੱਲੇ ਆ ਰਹੇ ਹਨ ਪਰ ਤਸਵੀਰਾਂ ਸਮੇਂ ਅਨੁਸਾਰ ਬਦਲਣੀਆਂ ਪੈਂਦੀਆਂ ਹਨ। ਇਸੇ ਤਰ੍ਹਾਂ ਸੁੰਨੜ ਵੀ ਪਾਤਰ ਬਦਲਦਾ ਹੈ ਪਰ ਉਨ੍ਹਾਂ ਦੇ ਨਾਮ ਵਾਰਿਸ ਤੋਂ ਉਧਾਰੇ ਲੈਂਦਿਆਂ ਲਿਖਦਾ ਹੈ।

ਜਿਸ ਕੁੜੀ ਦੀ ਗੱਲ ਮੈਂ ਕਰਨ ਲੱਗਿਆਂ
ਹੀਰ ਆਖਦੇ ਹਾਂ ਉਸਨੂੰ ਪਿਆਰ ਦੇ ਨਾਲ
ਰਾਂਝਾ ਨਾਮ ਵੀ ਤੇਰੇ ਤੋਂ ਲਵਾਂ ਮੰਗਵਾਂ
ਰਲਦਾ ਤਖਤ ਹਜ਼ਾਰੇ ਦੇ ਯਾਰ ਦੇ ਨਾਲ
ਚੂਚਕ ਨਾਮ ਵੀ ਰੱਖ ਲਿਆ ਮਾਫ ਕਰਨਾ
ਰਲਦਾ ਨਾਮ ਸੀ ਹੀਰ ਪਰਿਵਾਰ ਦੇ ਨਾਲ
ਕੈਦੋਂ ਨਾਮ ਚਰਿੱਤਰ ਦੇ ਅਰਥ ਕਰਦਾ
ਰਲਦਾ ਮਿਲਦਾ ਸੀ ਕੈਦੋਂ ਦਿਲਦਾਰ ਦੇ ਨਾਲ
ਸਹਿਤੀ ਨਾਂ ਸੋਹਣਾ ਉਹ ਵੀ ਰੱਖ ਲਿਆ ਮੈਂ
ਖੇੜਾ ਆਖਿਆ ਦਿਲੋਂ ਫਟਕਾਰ ਦੇ ਨਾਲ 9

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੁਨੜ ਦਾ ਕਿੱਸਾ ਪੁਰਾਣੇ ਰੰਗਾਂ ਨਾਲ਼ ਨਾ ਰੰਗ ਕੇ ਨਵੇਂ ਰੰਗਾਂ ਨਾਲ ਲਬਰੇਜ਼ ਹੈ। ਹੈ। ਅਸੀਂ ਵੀ ਸੰਖੇਪ ਵਿਚ ਇਸ ਕਿੱਸੇ ਨੂੰ ਕਿੱਸਾਕਾਰੀ ਦਾ ਖ਼ੂਬਸੂਰਤ ਨਮੂਨਾ ਮੰਨ ਸਕਦੇ ਹਾਂ ਅਤੇ ਕਹਿ ਸਕਦੇ ਹਾਂ ਕਿ ਉਹ

ਜਿਹੜੇ ਵੀ ਕਾਵਿ ਰੂਪ ਨੂੰ ਹੱਥ ਪਾਉਂਦਾ ਹੈ ਉਸ ਦੇ ਅੰਦਰ ਉਤਰ ਜਾਂਦਾ ਹੈ। ਸੁੰਨੜ ਦੀ ਕਵਿਤਾ ਦੀ ਸਭ ਖਿੱਚਵੀਂ ਅਤੇ ਖ਼ੂਬਸੂਰਤ ਗੱਲ ਉਸ ਦੀ ਕਾਵਿ ਸਿਰਨਣਾ ਦੇ ਵੰਨ ਸੁਵੰਨੇ ਕਾਵਿ ਰੂਪ ਹਨ। ਉਹ ਜਿਸ ਵੀ ਕਾਵਿ ਰੂਪ ਵਿਚ ਲਿਖਣਾ ਸ਼ੁਰੂ ਕਰਦਾ ਹੈ ਉਸੀ ਵਿਚ ਇਕਮਿਕ ਹੋ ਜਾਂਦਾ ਹੈ। ਭਾਵੇਂ ਉਹ ਗ਼ਜ਼ਲ ਕਹੇ ਜਾਂ ਕਿੱਸਾ ਸੁਣਾਵੇ, ਭਾਵੇਂ ਉਹ ਸੱਤਵਾਰਾਂ ਤੇ ਕਲਮ ਅਜਮਾਈ ਕਰੇ ਜਾਂ ਗੁਰਮੁਖੀ ਦੇ ਪੈਂਤੀ ਅੱਖਰਾਂ ਨੂੰ ਪੱਟੀ ਵਿਚ ਬੰਨ੍ਹੇ, ਭਾਵੇਂ ਉਹ ਜੁਗਨੀ, ਢੋਲਾ ਜਾਂ ਮਾਹੀਆ ਗਾਵੇ, ਭਾਵੇਂ ਉਹ ਕੋਈ ਲੋਕ ਕਾਵਿ ਰੂਪ ਉਚਾਰੇ ਜਾਂ ਆਧੁਨਿਕ ਨਜ਼ਮ ਸੁਣਾਵੇ, ਉਹ ਹਰ ਕਾਵਿ ਰੂਪ ਵਿਚ ਇਕ ਮਿਕ ਹੋਇਆ ਨਜ਼ਰ ਆਉਂਦਾ ਹੈ। ਅੰਤ ਅਸੀਂ ਕਹਿ ਸਕਦੇ ਹਾਂ ਕਿ ਸੁੰਨੜ ਵੰਨ ਸੁਵੰਨੇ ਕਾਵਿ ਰੁਪਾਂ ਦਾ ਸ਼ਾਇਰ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 9
2. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 10
3. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 11
4. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 12
5. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 12
6. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 12
7. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 11
8. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 15
9. ਸੁਰਿੰਦਰ ਸੁੰਨੜ, ਹੀਰ ਸੁੰਨੜ, ਪੰਨਾ ਨੰਬਰ- 17